This Question Paper consists of 14 questions and 8 printed pages.
ਇਸ ਪ੍ਰਸ਼ਨ-ਪੱਤਰ ਵਿੱਚ 14 ਪ੍ਰਸ਼ਨ ਅਤੇ 8 ਮੁਦਰਿਤ ਪੰਨੇ ਹਨ ।

Roll No.
ਰੋਲ ਨੰ: ਅੰਕਾਂ ਵਿਚ

| | | | | | | | | | | | |
|---|---|---|---|---|---|---|---|---|---|---|---|
| | | | | | | | | | | | |

Code No. 62/S/N/P
ਕੋਡ ਨੰ.
Set - A

# PUNJABI
## (ਪੰਜਾਬੀ)
## (210)

Day and Date of Examination
ਪਰਿਖਿਆ ਦਾ ਦਿਨ ਅਤੇ ਮਿਤੀ ____________

Signature of Invivilators
ਨਿਰੀਖਕਾਂ ਦੇ ਦਸਖ਼ਤ 1. ____________

2. ____________

## ਆਮ ਨਿਰਦੇਸ਼ :-

1 ਵਿਦਿਆਰਥੀ ਨੂੰ ਪ੍ਰਸ਼ਨ ਪੱਤਰ ਦੇ ਪਹਿਲੇ ਪੰਨੇ ਤੇ ਆਪਣਾ ਨਾਮ ਅਤੇ ਰੋਲ ਨੰਬਰ ਲਿਖਣਾ ਜ਼ਰੂਰੀ ਹੈ ।

2 ਪ੍ਰਸ਼ਨ ਪੱਤਰ ਦੇ ਸਾਰੇ ਪੰਨਿਆਂ ਨੂੰ ਦੇਖਣਾ ਅਤੇ ਜਾਂਚਣਾ ਜ਼ਰੂਰੀ ਹੈ ਅਤੇ ਪ੍ਰਸ਼ਨ ਪੱਤਰ ਵਿੱਚ ਪ੍ਰਸ਼ਨਾਂ ਦੀ ਗਿਣਤੀ ਉੱਤਰ ਪੁਸਤਕ ਦੇ ਉਪਰ ਪਹਿਲੇ ਪੰਨੇ ਤੇ ਛੱਪੇ ਨੰਬਰਾਂ ਨਾਲ ਮਿਲਦੀ ਹੋਣੀ ਚਾਹੀਦੀ ਹਨ । ਇਹ ਵੀ ਦੇਖਿਆ ਜਾਵੇ ਕਿ ਪ੍ਰਸ਼ਨ ਪੱਤਰ ਵਿੱਚ ਪ੍ਰਸ਼ਨ ਕਰਨਾ (ਸੀਰੀਅਲ) ਅਨੁਸਾਰ ਹੋਵੇ ।

3 ਅਬਜੈਕਟਿਵ ਟਾਇਪ ਪ੍ਰਸ਼ਨਾਂ ਜਿਹੜੇ ਕਿ (A), (B), (C), (D) ਹਨ ਵਿਚੋਂ ਇਕ ਠੀਕ ਨੂੰ ਚੁੰਨਣਾ ਹੈ ਅਤੇ ਠੀਕ ਉੱਤਰ ਨੂੰ ਉੱਤਰ ਪੁਸਤਕ ਵਿੱਚ ਲਿਖਿਆ ਜਾਵੇ ।

4 ਸਾਰੇ ਪ੍ਰਸ਼ਨ ਪੱਤਰ ਜਿਹਨਾਂ ਵਿੱਚ ਅਬਜੈਕਟਿਵ ਟਾਇਪ ਪ੍ਰਸ਼ਨ ਵੀ ਹਨ ਇਕ ਸਮੇਂ ਅਨੁਸਾਰ ਹੀ ਕਰਨੇ ਹਨ ਕਿਉਂਕਿ ਹੋਰ ਅਲੱਗ ਸਮਾਂ ਨਹੀਂ ਦਿੱਤਾ ਜਾਵੇਗਾ ।

5 ਕੋਈ ਵੀ ਨਿਸ਼ਾਨ ਜਾਂ ਰੋਲ ਨੰਬਰ ਉੱਤਰ ਪੁਸਤਕ ਦੇ ਕਿਸੇ ਵੀ ਜਗਾਂ ਤੇ ਨਹੀਂ ਹੋਣਾ ਚਾਹੀਦਾ, ਨਹੀਂ ਤੇ ਵਿਦਿਆਰਥੀ ਨੂੰ ਪਰੀਖਿਆ ਤੋਂ ਬਾਹਰ ਕਰ ਦਿੱਤਾ ਜਾਵੇਗਾ ।

6 ਉੱਤਰ ਪੁਸਤਕ ਤੇ ਪ੍ਰਸ਼ਨ ਪੁਸਤਕ ਦਾ ਨੰਬਰ **62/S/N/P-A** ਜ਼ਰੂਰ ਲਿਖੋ ।

# PUNJABI

## (ਪੰਜਾਬੀ)

## (210)

Time : **3** Hours ] [ Maximum Marks : **100**

ਸਮਾਂ : **3** ਘੰਟੇ ] [ ਕੁੱਲ ਅੰਕ : **100**

---

**ਨੋਟ :-** (1) **ਸਾਰੇ** ਪ੍ਰਸ਼ਨਾਂ ਦੇ ਉੱਤਰ ਜਰੂਰੀ ਹਨ ।

(2) **ਸਾਰੇ** ਪ੍ਰਸ਼ਨਾਂ ਨੂੰ ਧਿਆਨ ਨਾਲ ਪੜ੍ਹਕੇ ਉਨ੍ਹਾਂ ਦੇ ਉੱਤਰ ਲਿਖੋ ।

---

**1** ਹੇਠ ਲਿਖੇ ਪੈਰੇ ਨੂੰ ਪੜ੍ਹੋ ਤੇ ਉਸ ਸੰਬੰਧੀ ਦਿੱਤੇ ਪ੍ਰਸ਼ਨਾਂ ਦੇ ਉੱਤਰ ਲਿਖੋ : **2×4=8**

ਜਿਨ੍ਹਾਂ ਲੋਕਾਂ ਨੇ ਆਪਣੇ ਮਨ ਉੱਤੇ ਕਾਬੂ ਪਾਇਆ ਹੋਇਆ ਹੈ, ਉਨ੍ਹਾਂ ਨੇ ਸੰਸਾਰ ਉੱਤੇ ਬੜੇ ਕਾਰਨਾਮੇ ਕਰਕੇ ਦਿਖਾਏ ਹਨ । ਸਾਇੰਸ ਦੀਆਂ ਕਾਢਾਂ ਮਨੁੱਖੀ ਮਨ ਦੇ ਟਿਕਾਓ ਵਿੱਚੋਂ ਪੈਦਾ ਹੋਈਆਂ ਹਨ । ਭਗਤੀ ਤੇ ਤਪਸਿਆ ਮਨ ਦੀ ਇਕਾਗਰਤਾ ਨਾਲ ਹੀ ਹੋ ਸਕਦੀ ਹੈ । ਸਾਰੇ ਇਲਮ ਤੇ ਹੁਨਰ ਇਕਾਗਰ ਮਨ ਦੀ ਕਿਰਤ ਹਨ । ਬੜੇ-ਬੜੇ ਰਾਜਸੀ, ਸਮਾਜਕ ਤੇ ਆਰਥਕ ਪਰਿਵਰਤਨ, ਲਿਆਉਣ ਵਾਲੇ ਆਗੂਆਂ ਦੇ ਮਨ ਕਿਸੇ ਖ਼ਾਸ ਆਦਰਸ਼ ਵਿੱਚ ਬੱਝੇ ਹੋਏ ਸਨ । ਜਿਸ ਮਨ ਦੇ ਸਾਮ੍ਹਣੇ ਕਿਸੇ ਆਦਰਸ਼ ਦੀ ਉੱਚਾਈ ਅਵਾਜ਼ਾਂ ਮਾਰਦੀ ਹੋਵੇ, ਉਸ ਵਿੱਚ ਇੱਕ ਬਿਜਲੀ ਦੀ ਸ਼ਕਤੀ ਪੈਦਾ ਹੋ ਜਾਂਦੀ ਹੈ । ਅੱਜ ਮਨੁੱਖ ਨੇ ਪ੍ਰਕ੍ਰਿਤੀ ਉੱਤੇ ਆਪਣਾ ਰਾਜ ਕਾਇਮ ਕਰ ਲਿਆ ਹੈ । ਇਹ ਸਭ ਮਨ ਦੇ ਟਿਕਾਓ ਅਤੇ ਉਚੇਚੀ ਮਿਹਨਤ ਦੀਆਂ ਬਰਕਤਾਂ ਹਨ । ਮਨੁੱਖ ਨੇ ਸੰਸਾਰ ਦਾ ਸਾਰਾ ਪੁਰਾਣਾ ਇਤਿਹਾਸ ਬਦਲ ਦਿੱਤਾ ਹੈ । ਜੇਕਰ ਵੱਡੇ-ਵੱਡੇ ਵਿਗਿਆਨੀਆਂ ਤੇ ਚਿੰਤਕਾਂ ਦਾ ਮਨ ਉਨ੍ਹਾਂ ਦੇ ਕਾਬੂ ਵਿੱਚ ਨਾ ਹੁੰਦਾ ਤਾਂ ਉਹ ਕਦੇ ਵੀ ਅਜਿਹੇ ਅਦੁੱਤੀ ਕਾਰਨਾਮੇ ਨਾ ਕਰ ਸਕਦੇ । ਮਨ ਨੂੰ ਕਾਬੂ ਵਿੱਚ ਰੱਖਣਾ ਤਰੱਕੀ ਦਾ ਸੂਚਕ ਹੈ ।

**ਪ੍ਰਸ਼ਨ :**

(i) ਉਪਰੋਕਤ ਪੈਰੇ ਵਿੱਚ ਕਿਸ ਚੀਜ਼ ਉੱਤੇ ਕਾਬੂ ਰੱਖਣ ਦੀ ਗੱਲ ਕੀਤੀ ਗਈ ਹੈ ? ਅਤੇ ਉਸ ਨਾਲ ਕੀ ਲਾਭ ਹੈ ?

(ii) ਮਨ ਨੂੰ ਇਕਾਗਰ ਕਰਨ ਨਾਲ ਕੀ ਪ੍ਰਾਪਤ ਹੁੰਦਾ ਹੈ ?

(iii) ਮਨੁੱਖ ਨੇ ਕਿਹੜੀਆਂ ਉੱਚਾਈਆਂ ਪ੍ਰਾਪਤ ਕੀਤੀਆਂ ਹਨ ?

(iv) ਮਨ ਨੂੰ ਕਾਬੂ ਵਿੱਚ ਰੱਖਣਾ ਕਿਸ ਗੱਲ ਦਾ ਸੂਚਕ ਹੈ ? ਸਪਸ਼ਟ ਕਰੋ ।

**2** ਹੇਠ ਲਿਖੇ ਪ੍ਰਸ਼ਨਾਂ ਦੇ ਸਹੀ ਵਿਕਲਪ ਚੁਣੋ : **1×15=15**

(i) ਸਿਹਾਰੀ ਮਾਤਰਾ (ਲਗ) ਦਾ ਚਿੰਨ੍ਹ ਹੈ :

(A) ਾ (B) ਿ

(C) ੀ (D) ੇ

(ii) ਗੁਰਮੁਖੀ ਲਿਪੀ ਵਿੱਚ ਕਿੰਨੇ ਲਗਾਂਖਰ ਹਨ ?

(A) ਦੋ (B) ਤਿੰਨ

(C) ਚਾਰ (D) ਪੰਜ

(iii) ਟਿੱਪੀ ਦੀ ਵਰਤੋਂ ਕਿਹੜੀ ਲਈ ਵਰਤੀ ਜਾਂਦੀ ਹੈ ?

(A) ਵ (B) ਠ

(C) ਙ (D) ਲ

(iv) ਸ਼ੁਧ ਸ਼ਬਦ ਦੀ ਚੋਣ ਕਰੋ :

(A) ਆਯਾ (B) ਆਇਆ

(C) ਆਏਆ (D) ਆਇਯਾ

(v) 'ਸੂਬੇਦਾਰ' ਦਾ ਸਹੀ ਇਸਤਰੀ ਲਿੰਗ ਕਿਹੜਾ ਹੈ ?

(A) ਸੂਬੀ (B) ਸੂਬੇਦਾਰੀ

(C) ਸੂਬੇਦਾਰਾ (D) ਸੂਬੇਦਾਰਨੀ

(vi) 'ਦਾਦਕਾ' ਦਾ ਬਹੁਵਚਨ ਹੈ :

(A) ਦਾਦਕਾ (B) ਦਾਦਕੀਆਂ

(C) ਦਾਦਾਕੇ (D) ਦਾਦਕੇ

(vii) 'ਸੱਸ ਨੇ ਨੂੰਹ ਨੂੰ <u>ਸੋਨੇ</u> ਦੇ ਕੜੇ ਦਿੱਤੇ ।' ਵਾਕ ਵਿੱਚ ਲਕੀਰੇ ਸ਼ਬਦ ਦਾ ਨਾਂਵ ਦੱਸੋ ।

(A) ਆਮ ਨਾਂਵ (B) ਵਸਤੂਵਾਚਕ ਨਾਂਵ

(C) ਇਕੱਠਵਾਚਕ ਨਾਂਵ (D) ਖਾਸ ਨਾਂਵ

(viii) 'ਨੇ' ਕਾਰਕੀ ਚਿੰਨ੍ਹ ਕਿਸ ਕਾਰਕ ਦਾ ਹੈ ?

(A) ਕਰਮਕਾਰਕ (B) ਕਰਨਕਾਰਕ

(C) ਕਰਤਾਕਾਰਕ (D) ਸੰਬੰਧਕਾਰਕ

(ix) ਪੜ੍ਹਨਾਂਵ ਕਿੰਨੀ ਪ੍ਰਕਾਰ ਦੇ ਹੁੰਦੇ ਹਨ ?

(A) ਦੋ (B) ਚਾਰ

(C) ਛੇ (D) ਅੱਠ

(x) ਵਿਸ਼ੇਸ਼ਣ ਕਿੰਨੇ ਪ੍ਰਕਾਰ ਦੇ ਹੁੰਦੇ ਹਨ ?

(A) ਇੱਕ (B) ਤਿੰਨ

(C) ਪੰਜ (D) ਸੱਤ

(xi) 'ਮੈਂ <u>ਸਾਰੀ ਰਾਤ</u> ਜਾਗਦੀ ਰਹੀ ।' ਵਾਕ ਵਿੱਚ ਲਕੀਰਾ ਸ਼ਬਦ ਕਿਹੜਾ ਕਿਰਿਆ ਵਿਸ਼ੇਸ਼ਣ ਹੈ ?

(A) ਕਾਲਵਾਚਕ ਕਿਰਿਆ ਵਿਸ਼ੇਸ਼ਣ (B) ਸਥਾਨਵਾਚਕ ਕਿਰਿਆ ਵਿਸ਼ੇਸ਼ੇਣ

(C) ਪਰਿਮਾਣਵਾਚਕ ਕਿਰਿਆ ਵਿਸ਼ੇਸ਼ਣ (D) ਸੰਖਿਆਵਾਚਕ ਕਿਰਿਆ ਵਿਸ਼ੇਸ਼ਣ

(xii) 'ਖ਼ੂਨਦਾ ਦਾਨ' ਦਾ ਸਹੀ ਸਮਾਸ ਸ਼ਬਦ ਚੁਣੋ -

(A) ਖ਼ੂਨਦਾਨ (B) ਖ਼ੂਨ-ਦਾਨ

(C) ਖ਼ੂਨੀਦਾਨ (D) ਖ਼ੂਨ ਦਾਨ

(xiii) 'ਅਪ' ਅਗੇਤਰ ਕਿਸ ਸ਼ਬਦ ਨਹੀਂ ਲਗਦਾ, ਚੋਣ ਕਰੋ -

(A) ਅਪਰਾਧ (B) ਅਪਜਸ

(C) ਅਪਸ਼ਗਨ (D) ਅਪਮਾਨ

(xiv) 'ਉਨਤੀ' ਸ਼ਬਦ ਦਾ ਵਿਰੋਧੀ ਕੀ ਹੈ ?

(A) ਵਿਕਾਸ (B) ਤਰੱਕੀ

(C) ਚੜ੍ਹਤ (D) ਪਤਨ

(xv) 'ਗੰਦਗੀ' ਦਾ ਸਮਾਨਾਰਥਕ ਹੈ -

(A) ਮਲੀਨ (B) ਸਫਾਈ

(C) ਸਵੱਛ (D) ਸਾਫ

3 ਹੇਠ ਲਿਖੇ ਅਖਾਣਾਂ ਅਤੇ ਮੁਹਾਵਿਰਆਂ ਨੂੰ ਪੂਰਾ ਕਰੋ : 1×5=5

(i) ਅਸਮਾਨ ਦੇ ਤਾਰੇ __________ ।

(ii) ਇੱਟ ਨਾਲ __________ __________ ।

(iii) __________ ਬੱਕਾ ਹੋਣਾ ।

(iv) ਉੱਠਿਆ ਨਾ ਜਾਏ __________ __________ __________ __________ ।

(v) ਇੱਕ ਪੰਥ __________ __________ ।

4 ਹੇਠ ਲਿਖੇ ਬਹੁਅਰਥਕ ਸ਼ਬਦਾਂ ਤੋਂ ਘੱਟੋਂ-ਘੱਟ ਅਜਿਹੇ ਦੋ ਵਾਕ ਬਣਾਉ ਕਿ ਇੱਕ ਤੋਂ ਵੱਧ ਅਰਥ ਸਪਸ਼ਟ ਹੋ ਜਾਣ : 2

ਹਾਲ, ਕਾਲ

5 ਹੇਠ ਲਿਖੀ ਵਾਰਤਾ ਨੂੰ ਵਿਸਰਾਮ ਚਿੰਨ੍ਹ ਲਗਾਉ : 3

ਤੇਰਾ ਸਾਹਿਬ ਕਿਥੇ ਹੈ

ਪਤਾ ਨਹੀਂ ਹਜ਼ੂਰ ਕੋਈ ਘੰਟਾ ਕੁ ਹੋਇਆ ਕਿਤੇ ਗਏ ਨੇ

6 ਹੇਠ ਲਿਖੇ ਵਿਸ਼ਿਆਂ ਵਿੱਚੋਂ ਕਿਸੇ ਇੱਕ ਵਿਸ਼ੇ ਉੱਤੇ ਲਗਭਗ 250 ਸ਼ਬਦਾਂ ਦਾ ਭਾਵਪੂਰਤ ਲੇਖ ਲਿਖੋ : 10

(i) ਭ੍ਰਿਸ਼ਟਾਚਾਰ

(ii) ਇੰਟਰਨੈੱਟ ਦਾ ਮਹੱਤਵ

(iii) ਮੇਰੀ ਮਨਪਸੰਦ ਖੇਡ

(iv) ਪ੍ਰਦੂਸ਼ਣ

7 ਸਮਾਜ ਵਿੱਚ ਵੱਧਦੀ ਹੋਈ ਅਸੁੱਰਖਿਆ ਬਾਰੇ ਕਿਸੇ ਪੰਜਾਬੀ ਅਖਬਾਰ ਦੇ ਸੰਪਾਦਕ ਨੂੰ ਪੱਤਰ ਲਿਖੋ । 7

**ਜਾਂ**

ਡਾਕੀਏ ਦੀ ਅਣਗਹਿਲੀ ਦੀ ਸ਼ਿਕਾਇਤ ਕਰਦੇ ਹੋਏ ਪੋਸਟ ਮਾਸਟਰ ਨੂੰ ਪੱਤਰ ਲਿਖੋ ।

8 ‘ਮਾਟੀ ਕੁਦਮ ਕਰੇਂਦੀ ਯਾਰ, ਵਾਹ ਵਾਹ ਮਾਟੀ ਦੀ ਗੁਲਜ਼ਾਰ । 5

ਮਾਟੀ ਘੋੜਾ ਮਾਟੀ ਜੋੜਾ ਮਾਟੀ ਦਾ ਅਸਵਾਰ ।

ਮਾਟੀ ਮਾਟੀ ਨੂੰ ਦੌੜਾਵੇ ਮਾਟੀ ਦਾ ਖੜਕਾਰ ।

ਮਾਟੀ ਮਾਟੀ ਨੂੰ ਮਾਰਨ ਲੱਗੀ ਮਾਟੀ ਦੇ ਹਥਿਆਰ ।

ਜਿਸ ਮਾਟੀ ਪਰ ਬਹੁਤੀ ਮਾਟੀ ਤਿਸ ਮਾਟੀ ਹੰਕਾਰ ।

ਬੁਲ੍ਹੇਸ਼ਾਹ ਨੇ ਉਪਰੋਕਤ ਪੰਗਤੀਆਂ ਵਿੱਚ ਕੀ ਸੁਨੇਹਾ ਦਿੱਤਾ ਹੈ ?

ਉੱਤਰ 100-125 ਸ਼ਬਦਾਂ ਵਿੱਚ ਲਿਖੋ ।

**ਜਾਂ**

‘ਵੱਡਿਆਂ ਦਾ ਦਿਲ ਹੋ ਜਾਵੇ ਵੱਡਾ,

ਢਾਹ ਸੁੱਟਣ ਨਫਰਤ ਦਾ ਅੱਡਾ ।

ਵੱਡ ਖਾਣ ਦੀ ਪੈ ਜਾਏ ਵਾਦੀ,

ਮੰਗ ਸਕਣ, ਸਾਂਝੀ ਆਜ਼ਾਦੀ ।

ਸਾਂਝੀਆਂ ਚੋਣਾਂ, ਸਾਂਝੀ ਪੀੜ,

ਉਂਗਲ ਸੜਿਆਂ ਧੁਖੇ ਸਰੀਰ ।

ਇੱਕ ਦੂਜੇ ਤੋਂ ਸਦਕੇ ਜਾਣ,

ਸੱਚਮੁਚ ਦਾ ਇਨਸਾਨ ਸਤਾਨ ।’

ਧਨੀ ਰਾਮ ਚਾਤ੍ਰਿਕ ਨੇ ਉਪਰੋਕਤ ਪੰਗਤੀਆਂ ਵਿੱਚ ਕਿਸ ਤਰ੍ਹਾਂ ਦੇ ਆਦਰਸ਼ਕ ਸਮਾਜ ਦੀ ਕਲਪਨਾ ਕੀਤੀ ਹੈ ? ਉੱਤਰ 100-125 ਸ਼ਬਦਾਂ ਵਿੱਚ ਲਿਖੋ ।

9 ਕੁਲਵੰਤ ਸਿੰਘ ਵਿਰਕ ਦੀ ਕਹਾਣੀ 'ਸਾਂਝ' ਵਿੱਚ ਸਰਦਾਰ ਦੇ ਘਰ ਅਫਸੋਸ ਕਰਨ ਆਏ ਦੋ ਢਾਣੀਆਂ ਦੇ ਲੋਕਾਂ ਨੂੰ ਕਿਵੇਂ ਬਿਠਾਇਆਂ ਗਿਆ ? ਇੱਕ ਢਾਣੀ ਦੇ ਵਡੇਰੀ ਉਮਰ ਦੇ ਬੰਦੇ ਨੇ ਸਰਦਾਰ ਕੋਲ ਕਿਵੇਂ ਅਫਸੋਸ ਪ੍ਰਗਟ ਕੀਤਾ ? ਕਹਾਣੀਕਾਰ ਇਸ ਕਹਾਣੀ ਰਾਹੀਂ ਕਿਹੋ-ਜਿਹੀ ਸਾਂਝ ਪੇਸ਼ ਕਰਦਾ ਹੈ ? ਉੱਤਰ 100-125 ਸ਼ਬਦਾਂ ਵਿੱਚ ਲਿਖੋ । **5**

10 ਇਕਾਂਗੀ 'ਬੇਈਮਾਨ' ਵਿੱਚੋਂ 'ਮੋਟਰ ਵਾਲੇ' ਦਾ ਪਾਤਰ ਚਿਤਰਨ 100-125 ਸ਼ਬਦਾਂ ਵਿੱਚ ਲਿਖੋ । **5**

11 ਕੰਪਿਊਟਰ ਦਾ ਸਾਡੀ ਜ਼ਿੰਦਗੀ ਵਿੱਚ ਕੀ ਯੋਗਦਾਨ ਹੈ ? 'ਕੰਪਿਊਟਰ' ਲੇਖ ਦੇ ਆਧਾਰ ਤੇ ਇਸ ਦੀ ਪੁਸ਼ਟੀ ਲਈ ਉੱਤਰ 100-125 ਸ਼ਬਦਾਂ ਵਿੱਚ ਲਿਖੋ । **5**

12 ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਇੱਕ ਵਾਕ ਵਿੱਚ ਲਿਖੋ । ਹਰ ਇੱਕ ਸਹੀ ਉੱਤਰ ਦਾ ਇੱਕ ਅੰਕ ਹੈ : **1×12=12**

(i) ਬਾਬਾ ਫਰੀਦ ਜੀ ਮਨੁੱਖ ਨੂੰ ਕਿਸ ਚੀਜ਼ ਨਾਲ ਚਿੱਤ ਨਾ ਲਾਉਣ ਦਾ ਉਪਦੇਸ਼ ਦੇ ਰਹੇ ਹਨ ?

(ii) ਹੀਰ ਵਿਛੜੇ ਤੇ ਮੋਏ ਲੋਕਾਂ ਦੇ ਸੰਬੰਧ ਵਿੱਚ ਕੀ ਆਖਦੀ ਹੈ ?

(iii) 'ਖਨਗਾਹੀ ਦੀਵਾ ਬਾਲਦੀਏ' ਕਵਿਤਾ ਅਨੁਸਾਰ ਕੁੜੀ ਦੇ ਪੈਰਾਂ ਕੋਲ ਕਿਸ ਦਾ ਢੇਰ ਪਿਆ ਹੋਇਆ ਸੀ ?

(iv) 'ਸਵਰਗ ਦੀ ਝਲਕ' ਕਹਾਣੀ ਵਿੱਚ ਲੇਖਕ ਰਿਕਸ਼ੇ ਨੂੰ ਬੁਰਾ ਸਮਝਦਾ ਸੀ ?

(v) ਲੇਖਕ ਦੀ ਗੁਆਂਢਣ ਨੇ ਉਸਦੀ ਵਹੁਟੀ ਨੂੰ ਸਵੇਰੇ ਉਠਦਿਆਂ ਸਾਰ ਕੀ ਦੱਸਿਆ?

(vi) 'ਮਲੰਗ' ਕਹਾਣੀ ਦੇ ਆਧਾਰ ਤੇ ਦੱਸੋ ਕਿ ਪੜ੍ਹਨ ਦੇ ਨਾਲ ਨਾਲ ਹੋਰ ਕਿਸ ਦੀ ਲੋੜ ਹੁੰਦੀ ਹੈ ?

(vii) 'ਬਸ ਕੰਡੱਕਟਰ' ਕਹਾਣੀ ਵਿੱਚ ਇਹ ਕਿਸ ਨੇ ਕਿਸ ਨੂੰ ਆਖਿਆ, "ਭਾਨ ਤਾਂ ਹੈ ਨਹੀਂ ਮੇਰੇ ਕੋਲ, ਚਲੋ ਪੈਸੇ ਕਲ੍ਹ ਦੇ ਦੇਣਾ ।"

(viii) ਸਰਦਾਰ ਨੇ ਨੰਦੂ ਨੂੰ ਨੌਕਰੀ ਤੋਂ ਕਿਉਂ ਕੱਢ ਦਿੱਤਾ ?

(ix) ਪ੍ਰਿ. ਤੇਜਾ ਸਿੰਘ ਅਨੁਸਾਰ ਸਾਰੇ ਜਹਾਨ ਨੂੰ ਗਾਹ ਕੇ ਕਿੱਥੇ ਮੁੜਨ ਨੂੰ ਜੀਅ ਕਰਦਾ ਹੈ ?

(x) ਗੁਰਬਖ਼ਸ਼ ਸਿੰਘ ਪ੍ਰੀਤਲੜੀ ਅਨੁਸਾਰ ਸੁੰਦਰਤਾ ਕਿਸ ਚੀਜ਼ ਦੀ ਮੁਥਾਜ ਹੈ ?

(xi) ਮਹਾਰਾਜਾ ਰਣਜੀਤ ਸਿੰਘ ਨੇ ਆਪਣੇ ਰਾਜ ਵਿੱਚ ਕਿਸ ਚੀਜ਼ ਨੂੰ ਖ਼ਤਮ ਕੀਤਾ ਸੀ ?

(xii) ਖ਼ੂਨਦਾਨ ਕਿਹੜੀ ਉਮਰ ਵਿੱਚ ਕੀਤਾ ਜਾ ਸਕਦਾ ਹੈ ?

**13** ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 30-40 ਸ਼ਬਦਾਂ ਵਿੱਚ ਲਿਖੋ : **2×6=12**

(i) 'ਜਿਨ੍ਹਾਂ ਭੈਣਾਂ ਨੂੰ ਵੀਰ ਨਾ ਮਿਲੇ ਮੁੜ ਕੇ,
ਪਈਆਂ ਰੋਂਦੀਆਂ ਫਿਰਨ ਵਿਚਾਰੀਆਂ ਨੀ ।'

ਉਪਰੋਕਤ ਕਾਵਿ ਸਤਰਾਂ ਵਿੱਚ ਭੈਣਾਂ ਦੇ ਰੋਣ ਦਾ ਕਾਰਨ ਕੀ ਹੈ ?
'ਜੰਗ ਸਿੰਘਾਂ ਤੇ ਫਿਰੰਗੀਆਂ' ਕਵਿਤਾ ਦੇ ਆਧਾਰ ਤੇ ਦੱਸੋ ।

(ii) 'ਰੁੱਖ' ਕਵਿਤਾ ਦੇ ਅੰਤ ਵਿੱਚ ਕਵੀ ਰੁੱਖਾਂ ਦੀ ਤੁਲਨਾ ਕਿਸ ਨਾਲ ਅਤੇ ਕਿਉਂ ਕਰਦਾ ਹੈ ?

(iii) 'ਸਾਂਝ' ਕਹਾਣੀ ਵਿੱਚ ਸਰਦਾਰ ਦੀ ਕੋਠੀ ਕਿਹੋ ਜਿਹੀ ਸੀ ?

(iv) ਭਗਤ ਸਿੰਘ ਨੇ ਕਿਹੜੀਆਂ ਪੁਸਤਕਾਂ ਪੜ੍ਹੀਆਂ ਸਨ ?

(v) ਕੰਪਿਊਟਰ ਦੇ ਮੂਲ ਅੰਗ ਕਿਹੜੇ ਹਨ ?

(vi) 'ਪੰਜਾਬ ਦਾ ਗੌਰਵ : ਮਹਾਰਾਜਾ ਰਣਜੀਤ ਸਿੰਘ' ਲੇਖ ਅਨੁਸਾਰ ਖਾਲਸਾ ਰਾਜ ਕਿਹੜੇ-ਕਿਹੜੇ ਸੂਬਿਆਂ ਵਿੱਚ ਵੰਡਿਆ ਹੋਇਆ ਸੀ ?

**14** ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਗਪਗ 50 ਸ਼ਬਦਾਂ ਵਿੱਚ ਲਿਖੋ : **3×2=6**

(i) ਸਿੰਮਲ ਦੇ ਰੁੱਖ ਬਾਰੇ ਗੁਰੂ ਨਾਨਕ ਦੇਵ ਜੀ ਨੇ ਕੀ ਵਿਚਾਰ ਪੇਸ਼ ਕੀਤੇ ਹਨ ?

(ii) ਜੀਤ ਨੇ ਉਦਾਸ ਹੋ ਕੇ ਡਾਕਟਰਨੀ ਨੂੰ ਆਪਣੇ ਜੀਵਨ ਦਾ ਕਿਹੜਾ ਸੱਚ ਦੱਸਿਆ ?

---